International Theatre Institute
World Organization for the Performing Arts
Indian Centre of ITI

IAPAR
International Association for Performing Arts and Research

27 ਮਾਰਚ 2024

# ਨੌਰਵੀਜੀਅਨ ਲੇਖਕ ਨਾਟਕਕਾਰ
# ਜੋਨਫੌਜ਼ ਦਾ ਵਿਸ਼ਵ ਰੰਗਮੰਚ ਮੌਕੇ ਸੰਦੇਸ਼
# ਕਲਾ ਸ਼ਾਂਤੀ ਹੈ

ਹਰ ਵਿਅਕਤੀ ਆਪਣੇ ਆਪ 'ਚ ਵਿਲੱਖਣ ਵੀ ਹੈ ਅਤੇ ਨਾਲੋ ਨਾਲ ਹੋਰਨਾਂ ਵਰਗਾ ਵੀ ਹੈ। ਸਾਡਾ ਨਜ਼ਰ ਆਉਂਦਾ ਬਾਹਰੀ ਰੂਪ ਹਰੇਕ ਨਾਲੋਂ ਵੱਖਰਾ ਹੈ, ਇਹ ਬਿਲਕੁਲ ਠੀਕ ਹੈ ਪ੍ਰੰਤੂ ਇਸ ਦੇ ਨਾਲ ਹੀ, ਸਾਡੇ ਸਭਨਾਂ ਵਿੱਚ, ਕੁਝ ਨਾ ਕੁਝ ਐਸਾ ਜ਼ਰੂਰ ਹੈ ਜੋ ਕੇਵਲ ਅਤੇ ਕੇਵਲ ਇਕੋ ਵਿਅਕਤੀ ਵਿੱਚ ਹੈ। ਅਤੇ ਹੋਰ ਕਿਸੇ ਵਿੱਚ ਨਹੀਂ ਇਸ ਨੂੰ ਉਸ ਦੀ ਰੂਹ ਕਹਿ ਲਵੋ, ਆਤਮਾ ਕਹਿ ਲਵੋ, ਜੋ ਮਰਜੀ ਕਹਿ ਲਵੋ। ਜ਼ਰੂਰੀ ਨਹੀਂ ਕਿ ਇਸ ਨੂੰ ਨਾਉਂ ਦੇਣਾ ਹੈ। ਚਲੋ ਛੱਡੋ।

ਪ੍ਰੰਤੂ ਜਿੱਥੇ ਅਸੀਂ ਇਕ ਦੂਜੇ ਤੋਂ ਵੱਖਰੇਵਾਂ ਰੱਖਦੇ ਹਾਂ, ਉੱਥੇ ਅਸੀਂ ਇਕ ਦੂਜੇ ਨਾਲ ਸਾਂਝਾਂ ਵੀ ਰੱਖਦੇ ਹਾਂ। ਦੁਨੀਆ ਦੇ ਕਿਸੇ ਵੀ ਭਾਗ ਦੇ ਲੋਕ ਲੈ ਲਵੋ, ਮੁੱਢਲੇ ਤੌਰ 'ਤੇ ਉਨਾਂ ਵਿੱਚ ਉਹੀ ਸਮਾਨਤਾ ਨਜ਼ਰ ਆਵੇਗੀ ਬੇਸ਼ੱਕ ਉਨ੍ਹਾਂ ਦੀ ਬੋਲੀ ਕੋਈ ਵੀ ਹੋਵੇ, ਚਮੜੀ ਦਾ ਰੰਗ ਕੋਈ ਹੋਵੇ ਜਾ ਵਾਲਾਂ ਦਾ ਰੰਗ ਢੰਗ।

ਵੇਖਣ ਨੂੰ ਇਹ ਵਿਰੋਧਾਭਾਸੀ ਲੱਗਦਾ ਹੈ। ਕਿ ਅਸੀਂ ਪੂਰਨ ਤੌਰ 'ਤੇ ਇਕ ਦੂਜੇ ਵਰਗੇ ਹਾਂ ਅਤੇ ਬਿਲਕੁਲ ਵੱਖ, ਅਤੇ ਵਿਲੱਖਣ ਵੀ । ਦੋਵੇਂ ਗੱਲਾਂ ਠੀਕ ਹਨ। ਹੋ ਸਕਦੈ ਸਰੀਰ ਅਤੇ ਆਤਮਾ ਨੂੰ ਸਮਝਦਿਆਂ ਇੱਕ ਵਿਅਕਤੀ ਐਹੋ ਜਹੇ ਵਿਰੋਧਾਭਾਸ ਹੀ ਪਾਲ ਰਿਹਾ ਹੋਵੇ। ਸਾਡੀ ਸਮਝ ਦੇ ਘੇਰੇ ਵਿੱਚ ਇਸ ਧਰਤੀ 'ਤੇ ਪਲ ਰਿਹਾ ਇਹ ਸਾਬਤ ਤੇ ਠੋਸ ਰੂਪ ਹੋਵੇ ਜਾਂ ਕੋਈ ਐਸਾ ਸੰਕਲਪ ਹੋਵੇ ਜੋ ਮਨੁੱਖੀ ਸੂਝ ਸਮਝ ਤੋਂ ਉਪਰ ਹੋਵੇ, ਜਿਸ ਦੀ ਹੋਂਦ ਗੈਰ-ਪਦਾਰਥਕ ਹੋਵੇ ਅਤੇ ਜਿਸ ਦੀਆਂ ਸੀਮਾਵਾਂ ਧਰਤੀ ਤੋਂ ਪਰੇ ਹੋਣ।

ਕਲਾ ਜਾਂ ਕੋਈ ਵੀ ਹੁਨਰ, ਆਪਣੇ ਆਪਣੇ ਢੰਗ ਨਾਲ ਇਨਸਾਨ ਵਿਚ ਪਾਏ ਜਾਣ ਵਾਲੇ ਦੋਵੇਂ ਗੁਣ, ਵਿਲੱਖਣਤਾਵਾਂ ਅਤੇ ਸਮਾਨਤਾਵਾਂ ਨੂੰ ਮਿਲਾਉਣ ਦਾ ਗੁਣ ਹੈ। ਇਹ ਸਾਨੂੰ ਇਸ ਦੇ ਯੋਗ ਬਣਾਉਂਦਾ ਹੈ ਕਿ ਅਸੀਂ ਸਮਝ ਸਕੀਏ ਕਿ ਓਪਰਾ ਕੀ ਹੈ ਅਤੇ ਸਾਡੇ ਵਿੱਚ ਸਾਂਝਾ ਤੇ ਸਰਬ ਵਿਆਪੀ ਕੀ ਹੈ। ਏਸ ਯਤਨ ਵਿੱਚ, ਕਲਾ ਇਕ ਕਰਾਮਾਤ ਕਰ ਜਾਂਦੀ ਹੈ ਕਿ ਸਾਡੀਆਂ ਕਈ ਤਰ੍ਹਾਂ ਦੀਆਂ ਭਾਸ਼ਾਈ ਤੇ ਭੂਗੋਲਕ ਸੀਮਾਵਾਂ ਨੂੰ ਤੋੜ ਜਾਂਦੀ ਹੈ। ਇਹ ਕਿਸੇ ਵਿਅਕਤੀ ਦੇ ਨਿੱਜੀ ਗੁਣ ਅਤੇ ਹਰ ਕੌਮ ਦੇ ਵਿਲੱਖਣ ਗੁਣਾਂ ਨੂੰ ਮਿਲਾਉਣ ਦਾ ਯਤਨ ਕਰਦੀ ਹੈ।

ਇਸ ਯਤਨ ਵਿੱਚ ਕਲਾ ਵਿਅਕਤਿਤਵ ਅਤੇ ਵਿਲੱਖਣਤਾਵਾਂ ਨੂੰ ਮਿਟਾਉਂਦੀ ਨਹੀਂ। ਬਲਕਿ ਇਸ ਦੇ ਉਲਟ ਸਾਡੇ ਸਾਹਮਣੇ ਪੇਸ਼ ਕਰਦੀ ਹੈ, ਕਿ ਵੇਖ ਲਵੋ ਫਰਕ ਕੀ ਹੈ, ਕਿ ਓਪਰਾਪਨ ਕਿੱਥੇ ਹੈ, ਕਿਹੋ

ਜਿਹਾ ਹੈ। ਕਲਾ ਕੋਈ ਹੋਵੇ, ਮੁੱਖ ਤੌਰ 'ਤੇ ਇਹੋ ਕਰਦੀ ਹੈ, ਉਹ ਪੇਸ਼ ਕਰ ਜਾਂਦੀ ਹੈ ਉਹ ਕੁਝ ਜੋ ਅਸੀਂ ਚੰਗੀ ਤਰ੍ਹਾਂ ਸਮਝ ਨਹੀਂ ਸਕਦੇ ਅਤੇ ਸਮਝ ਦੇ ਵੀ ਹਾਂ। ਦੋਵੇਂ ਗੱਲਾਂ। ਇਹ ਇਕ ਕਿਸਮ ਦਾ ਰਹੱਸ ਹੀ ਹੈ। ਕੁਝ ਐਹੋ ਜਿਹਾ ਜੋ ਸਾਨੂੰ ਮੋਹਿਤ ਕਰਦਾ ਹੈ ਅਤੇ ਆਪਣੀਆਂ ਸੀਮਾਵਾਂ ਨੂੰ ਪਾਰ ਕਰਨ ਲਈ ਧਕੇਲਦਾ ਹੈ ਅਤੇ ਇਸ ਸਭ ਕੁਝ ਦੇ ਦਰਮਿਆਨ ਉਹ ਪਾਰਗਾਮੀ ਮਾਨਸਿਕਤਾ ਪੈਦਾ ਕਰਦਾ ਹੈ ਜੋ ਹਰ ਕਲਾ, ਹਰ ਹੁਨਰ ਦਾ ਮਕਸਦ ਹੁੰਦਾ ਹੈ।

ਇਹਨਾਂ ਦੋਵਾਂ ਵਿਰੋਧਾਂ ਨੂੰ ਮਿਲਾਉਣ ਦਾ ਹੋਰ ਕੋਈ ਢੰਗ ਕੀ ਹੋ ਸਕਦਾ ਹੈ, ਮੈਨੂੰ ਨਹੀਂ ਪਤਾ। ਜੋ ਕੁਝ ਦੁਨੀਆਂ ਵਿਚ ਥਾਂ-ਥਾਂ 'ਤੇ ਮਤਭੇਦਾਂ ਨੂੰ ਲੈ ਕੇ ਹਿੰਸਕ ਕਸ਼ਮਕਸ਼ ਚੱਲ ਰਹੀ ਹੈ, ਕਲਾ ਉਸ ਤੋਂ ਬਿਲਕੁਲ ਵੱਖਰੀ ਵਿਧੀ ਹੈ। ਹਿੰਸਕ ਵਿਰੋਧ ਵਿਚ ਤਾਂ ਹਰ ਉਹ ਵਸਤੂ ਜੋ ਵਿਦੇਸ਼ੀ ਜਾਂ ਓਪਰੀ ਹੈ ਉਸ ਨੂੰ ਢਾਹ ਢੇਰੀ ਕਰਨ ਦੀ ਲਾਲਸਾ ਉਪਜਦੀ ਹੈ ਅਤੇ ਘਟੀਆ ਤੋਂ ਘਟੀਆ ਅਮਾਨਵੀ ਢੰਗ ਤਰੀਕੇ ਵਰਤੇ ਜਾਂਦੇ ਹਨ। ਆਤੰਕਵਾਦ ਹੈ। ਯੁੱਧ ਹੈ। ਕਿਉਂਕਿ ਇਨਸਾਨ ਵਿਚ ਵਹਿਸ਼ੀ ਪੱਖ ਵੀ ਮੌਜੂਦ ਹੈ ਜੋ ਦੂਜੇ ਵਿਚੋਂ ਆਪਣੀ ਹੋਂਦ ਨੂੰ ਖ਼ਤਰਾ ਸਮਝਦਾ ਹੈ ਅਤੇ ਉਸ ਵਿਚਲੀ ਮਨਮੋਹਕ ਰਹੱਸ ਨੂੰ ਵੇਖਦਾ ਹੀ ਨਹੀਂ।

ਏਸ ਤਰੀਕੇ ਨਾਲ ਸਾਡੀਆਂ ਸਾਫ਼ ਦਿਸਦੀਆਂ ਵਿਲੱਖਣਤਾਵਾਂ ਖ਼ਤਮ ਹੁੰਦੀਆਂ ਹਨ ਅਤੇ ਇਕ ਸਰਬ ਸਾਂਝੀ ਸਮਾਨਤਾ ਦਾ ਅਹਿਸਾਸ ਹੋਣਾ ਸ਼ੁਰੂ ਹੁੰਦਾ ਹੈ ਤੇ ਸਮਝ ਆਉਣੀ ਸ਼ੁਰੂ ਹੁੰਦੀ ਹੈ ਕਿ ਸਾਡੇ ਨਿੱਕੇ ਨਿੱਕੇ ਫ਼ਰਕ ਕੋਈ ਮਿਟਾਉਣ ਵਾਲੀ ਚੀਜ਼ ਨਹੀਂ, ਸਮਝਣ ਵਾਲੀ ਸ਼ੈਅ ਹੈ। ਧਾਰਮਿਕ ਅਤੇ ਸਿਆਸੀ ਵਿਚਾਰਧਾਰਾਵਾਂ ਨੂੰ ਇਕੋ ਥਾਂ 'ਤੇ ਖਲੋ ਕੇ ਵੇਖਣ ਵਾਲੇ ਰੁਝਾਨ ਨੂੰ ਤਿਆਗਣਾ ਪਵੇਗਾ, ਇਸ ਸੋਚ ਨੂੰ ਛੱਡਣਾ ਪਵੇਗਾ।

ਯੁੱਧ, ਜੰਗ, ਹਿੰਸਾ ਉਸ ਸਭ ਕਾਸੇ ਦੇ ਖ਼ਿਲਾਫ਼ ਹੈ ਜੋ ਸਾਡੇ ਸਾਰਿਆਂ ਵਿਚ ਮੌਜੂਦ ਹੈ। ਏਸ ਤਰ੍ਹਾਂ, ਯੁੱਧ ਕਲਾ ਦੇ ਵੀ ਖ਼ਿਲਾਫ਼ ਹੈ, ਕਲਾ ਦੀ ਰੂਹ ਦੇ ਵੀ ਖ਼ਿਲਾਫ਼ ਹੈ।

ਮੈਂ ਏਥੇ ਗੱਲ ਕਰ ਰਿਹਾ ਹਾਂ ਕਲਾ ਦੀ, ਸਾਂਝੇ ਤੌਰ 'ਤੇ ਹਰ ਕਲਾ ਦੀ, ਕੇਵਲ ਰੰਗ-ਮੰਚ ਜਾਂ ਨਾਟ ਸ਼ਾਸਤਰ ਦੀ ਨਹੀਂ। ਕਿਉਂਕਿ ਕਰ ਕਰਾ ਕੇ, ਜਿਵੇਂ ਮੈਂ ਕਿਹਾ ਹੈ, ਕਲਾ ਜਾ ਹੁਨਰ ਓਸੇ ਗੱਲ 'ਤੇ ਆਉਂਦਾ ਹੈ ਕਿ ਸਮੁੱਚੀ ਸਮਾਨਤਾ ਕੀ ਹੈ, ਖਾਸਮ ਖਾਸ ਵਿਲੱਖਣਤਾ ਕੀ ਹੈ ਜੇ ਹੈ ਤਾਂ ਉਸ ਨੂੰ ਸਰਬਵਿਆਪੀ ਬਣਾਉਣਾ। ਯਾਨੀ ਵਿਲੱਖਣ ਨੂੰ ਸਰਬਵਿਆਪੀ ਬਣਾਉਣਾ ਕਿਸੇ ਹੁਨਰ ਨਾਲ, ਕਲਾ ਨਾਲ। ਵਿਲੱਖਣਤਾ ਨੂੰ ਨਸ਼ਟ ਕਰ ਕੇ ਨਹੀਂ, ਬਲਕਿ ਵਿਲੱਖਣਤਾ 'ਤੇ ਜ਼ੋਰ ਦੇ ਕੇ, ਓਸ ਦੇ ਓਪਰੇਪਨ ਨੂੰ ਲਿਸ਼ਕਾ ਪੁਸ਼ਕਾ ਕੇ ਪੇਸ਼ ਕਰ ਕੇ।

ਯੁੱਧ ਅਤੇ ਕਲਾ ਇਕ ਦੂਜੇ ਦੇ ਏਵੇਂ ਹੀ ਵਿਰੋਧੀ ਹਨ ਜਿਵੇਂ ਯੁੱਧ ਅਤੇ ਸ਼ਾਂਤੀ। ਤੁਸੀਂ ਕਹਿ ਸਕਦੇ ਹੋ ਕਿ ਕਲਾ ਹੀ ਸ਼ਾਂਤੀ ਹੈ।

ਅਨੁਵਾਦ
ਕੇਵਲ ਧਾਲੀਵਾਲ

---

International Theatre Institute / World Theatre Day Message 2024
**Jon FOSSE, Norwegian writer, playwright, Norway.**
Punjabi (India) translation: Shri. Kewal Dhaliwal, India.